# ਉਤਰੀ ਬੀ.ਸੀ. ਦੇ ਜੰਗਲਾਂ ਵਿੱਚ ਪਾਈਨ ਬੀਟਲ

ਬ੍ਰਿਟਿਸ਼ ਕੋਲੰਬੀਆ, ਕਨੇਡਾ ਦਾ ਇਕ ਬਹੁਤ ਹੀ ਸੁੰਦਰ ਸੂਬਾ ਹੈ ਜੋ ਪਹਾੜਾਂ, ਝੀਲਾਂ, ਦਰਿਆਵਾਂ ਅਤੇ ਜੰਗਲਾਂ ਨਾਲ ਭਰਿਆ ਪਿਆ ਹੈ। ਇਹਦੀ ਖ਼ੂਬਸੂਰਤੀ ਨੂੰ ਮੁਖ ਰੱਖ ਕੇ ਹੀ ਇਹਨੂੰ `ਬਿਊਟੀਫੁਲ ਬ੍ਰਿਟਿਸ਼ ਕੋਲੰਬੀਆ` ਦੇ ਨਾਮ ਨਾਲ ਨਿਵਾਜਿਆ ਗਿਆ ਹੈ। ਇਹਦੇ ਉਤਰੀ ਭਾਗ ਵਿਚ ਅਬਾਦੀ ਭਾਵੇਂ ਬਹੁਤ ਘੱਟ ਹੈ ਪਰ ਕੁਦਰਤੀ ਨਜ਼ਾਰਿਆਂ ਦੀ ਕੋਈ ਥੁੜ ਨਹੀਂ। ਇਕ ਸ਼ਹਿਰ ਦੂਜੇ ਸ਼ਹਿਰ ਤੋਂ ਅੰਦਾਜ਼ਨ ਸੌ-ਸੌ ਕਿਲੋਮੀਟਰ ਦੀ ਵਿੱਥ ਉੱਤੇ ਸਥਿਤ ਹਨ ਜਿਨ੍ਹਾਂ ਦੀ ਅਬਾਦੀ ਪੰਜ ਹਜ਼ਾਰ ਤੋਂ ਲੈ ਕੇ ਵੀਹ ਹਜ਼ਾਰ ਤੱਕ ਦੀ ਹੈ। ਉਤਰੀ ਬੀ.ਸੀ. ਵਿਚ ਸਿਰਫ਼ ਇਕ ਸ਼ਹਿਰ ਪ੍ਰਿੰਸ ਜਾਰਜ ਹੀ ਹੈ ਜਿਹਦੀ ਅਬਾਦੀ 80 ਹਜ਼ਾਰ ਦੇ ਲਾਗੇ ਹੈ। ਇਸੇ ਕਰਕੇ ਇਹਨੂੰ ਉਤਰੀ ਬੀ.ਸੀ. ਦੀ ਰਾਜਧਾਨੀ ਵੀ ਕਿਹਾ ਜਾਂਦਾ ਹੈ। ਜੰਗਲਾਂ ਨਾਲ ਲੱਦੇ ਅਤੇ ਝੀਲਾਂ, ਪਹਾੜਾਂ ਅਤੇ ਦਰਿਆਵਾਂ ਵਿਚ ਵੱਸਦੇ ਇਨ੍ਹਾਂ ਸ਼ਹਿਰਾਂ ਦਾ ਅੱਜਕਲ ਇਕੋ ਇਕ ਰੋਜ਼ੀ ਦਾ ਵਸੀਲਾ ਇਨ੍ਹਾਂ ਜੰਗਲਾਂ ਨੂੰ ਵੱਢ ਕੇ ਲੱਕੜ ਮਿਲ੍ਹਾਂ ਦੁਆਰਾ ਚੀਰ ਕੇ ਦੇਸ਼ ਵਿਦੇਸ਼ ਵਿਚ ਭੇਜਣਾ ਹੈ।

ਪ੍ਰਿੰਸ ਜਾਰਜ ਦੇ ਨਜ਼ਦੀਕ ਦੇ ਛੋਟੇ ਸ਼ਹਿਰਾਂ ਵਿਚ ਅਤੇ ਪ੍ਰਿੰਸ ਜਾਰਜ ਦੇ ਆਲੇ ਦੁਆਲੇ ਮੌਸਮ ਦੀ ਬਦਲੀ ਕਾਰਨ ਜੰਗਲ ਵਿਚ ਇਕ ਕੀੜਾ ਲਗ ਗਿਆ ਹੈ ਜਿਹਨੂੰ ਪਾਈਨ ਬੀਟਲ ਕਿਹਾ ਜਾਂਦਾ ਹੈ। ਇਹ ਹਜ਼ਾਰਾਂ ਵਰਗ ਮੀਲਾਂ ਵਿਚ ਫੈਲੇ ਜੰਗਲ ਨੂੰ ਖ਼ਤਮ ਕਰ ਸਕਦਾ ਹੈ। ਸਰਕਾਰ ਨੇ ਇਸ ਜੰਗਲ ਨੂੰ ਜਲਦੀ ਤੋਂ ਜਲਦੀ ਕੱਟਣ ਵਾਸਤੇ ਵੱਡੀਆਂ ਕੰਪਨੀਆਂ ਨੂੰ ਸਸਤੇ ਭਾਅ ਇਹਦਾ ਕੋਟਾ ਦਿੱਤਾ ਹੈ ਜਿਸ ਕਰਕੇ ਕੰਪਨੀਆਂ ਮਾਰੋ ਮਾਰ ਸੱਤੇ ਦਿਨ ਮਿਲ੍ਹਾਂ ਚਲਾ ਕੇ ਇਸ ਨੂੰ ਕੱਟ ਕੇ ਇਸ ਤੋਂ ਵੱਧ ਤੋਂ ਵੱਧ ਮੁਨਾਫ਼ਾ ਕਮਾ ਰਹੀਆਂ ਹਨ। ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਜਦੋਂ ਇਹ ਬੀਟਲ ਦੀ ਮਾਰ ਹੇਠ ਆਈ ਜੰਗਲਾਤ ਖਤਮ ਹੋ ਗਈ ਤਾਂ ਮਿਲ੍ਹਾਂ ਦੇ ਬੰਦ ਹੋਣ ਜਾਂ ਘਟ ਸ਼ਿਫਟਾਂ ਚਲਣ ਕਾਰਨ ਬਹੁਤ ਕਾਮੇ ਲੋਕ ਕੰਮ ਤੋਂ ਵਿਹਲੇ ਹੋ ਜਾਣਗੇ ਤਾਂ ਉਨ੍ਹਾਂ ਦੀ ਜ਼ਿੰਦਗੀ ਦੀਆਂ ਲੋੜਾਂ ਦਾ ਕੀ ਬਣੇਗਾ? ਇਹ ਸਥਿਤੀ ਆਉਣ ਦੇ ਅੰਦਾਜ਼ੇ ਵੀ ਅਲੱਗ ਅਲੱਗ ਹਨ। ਇਕ ਅੰਦਾਜ਼ਾ ਦੱਸਦਾ ਹੈ ਕਿ ਇਹ ਬੀਟਲ ਵੂੱਡ ਖ਼ਤਮ ਹੋਣ ਵਿਚ ਪੰਜ ਤੋਂ ਦਸ ਸਾਲ ਲਗ ਸਕਦੇ ਹਨ। ਇਹ ਇਕ ਗੰਭੀਰ ਸਥਿਤੀ ਪੈਦਾ ਹੋਣ ਦਾ ਮੌਕਾ ਬਣ ਸਕਦੇ ਹਨ।

ਜੰਗਲ ਤੇਜੀ ਨਾਲ ਕੱਟ ਹੋਣ ਨਾਲ ਜਿੱਥੇ ਲੋਕ ਕੰਮ ਤੋਂ ਵਿਹਲੇ ਹੋ ਜਾਣਗੇ ਉਥੇ ਲੋਕਾਂ ਦੀ ਸਿਹਤ, ਮੌਸਮ ਅਤੇ ਵਾਤਾਵਰਨ ਆਦਿ ਉੱਤੇ ਵੀ ਗੰਭੀਰ ਅਸਰ ਪਵੇਗਾ। ਇਨ੍ਹਾਂ ਹਾਲਤਾਂ ਨਾਲ ਨਜਿੱਠਣ ਵਾਸਤੇ ਪ੍ਰਿੰਸ ਜਾਰਜ ਦੀ ਇਕ ਜਥੇਬੰਦੀ ***`ਐਕਟਿਵ ਵੌਇਸ ਕੁਲੀਸ਼ਨ`*** ਨੇ ਦੋ ਮਾਰਚ 2006 ਨੂੰ ਹਰ ਵਰਗ ਅਤੇ ਹਰ ਤਰ੍ਹਾਂ ਦੀ ਸਿਆਸੀ ਵਿਚਾਰਧਾਰਾ ਵਾਲਿਆਂ ਨੂੰ ਮੀਟਿੰਗ ਵਿਚ ਆਉਣ ਦਾ ਸਦਾ ਦਿੱਤਾ। ਇਸ ਮੀਟਿੰਗ ਵਿਚ ਹਰ ਤਰ੍ਹਾਂ ਦੇ ਸਿਆਸੀ ਖਿਆਲਾਂ, ਬੁੱਧੀਜੀਵੀਆਂ, ਮਜ਼ਦੂਰਾਂ ਦੀਆਂ ਯੂਨੀਅਨਾਂ ਅਤੇ ਛੋਟੇ ਵਪਾਰੀਆਂ ਨੇ ਭਾਗ ਲਿਆ ਅਤੇ ਆਪੋ ਆਪਣੇ ਵਿਚਾਰਾਂ ਦੁਆਰਾ ਇਸ ਸਥਿਤੀ ਉੱਤੇ ਖਦਸ਼ਾ ਜ਼ਾਹਰ ਕੀਤਾ। ਇਸ ਮੀਟਿੰਗ ਦੇ ਕਰਤਾ ਧਰਤਾ, ਪੀਟਰ ਯੂਰਿਟ, ਨੇ ਬੋਲਦਿਆਂ ਕਿਹਾ ਕਿ ਬੀ.ਸੀ. ਦੀ ਸਰਕਾਰ ਕੁਲ ਟੈਕਸ ਦਾ 70% ਹਿਸਾ ਸਾਡੇ ਇਲਾਕੇ ਵਿਚੋਂ ਇਕੱਠਾ ਕਰਦੀ ਹੈ। ਹੁਣ ਮੌਕਾ ਆਇਆ ਹੈ ਕਿ ਅਸੀਂ ਇਕੱਠੇ ਹੋ ਕੇ ਸਰਕਾਰ ਤੋਂ ਮੰਗ ਕਰੀਏ ਕਿ ਇਸ ਇਲਾਕੇ ਨੂੰ ਆਉਣ ਵਾਲੀ ਮੁਸੀਬਤ ਦਾ ਹੱਲ ਪਹਿਲਾਂ ਹੀ ਲੱਭਿਆ ਜਾਵੇ। ਪਹਿਲਾਂ ਸਾਡੇ ਇਲਾਕੇ ਬਾਰੇ ਫੈਸਲੇ ਵਿਕਟੋਰੀਆ ਵਿਚ ਹੁੰਦੇ ਰਹੇ ਹਨ। ਹੁਣ ਇਹ ਫੈਸਲੇ ਸਾਡੇ ਇਲਾਕੇ ਦੇ ਲੋਕਾਂ ਨੂੰ ਕਰਨੇ ਚਾਹੀਦੇ ਹਨ ਅਤੇ ਸਰਕਾਰ ਨੂੰ ਇਨ੍ਹਾਂ ਫੈਸਲਿਆਂ ਨੂੰ ਸੁਣਨਾ ਪਵੇਗਾ। ਇਹ ਸਾਡੀਆਂ ਅਤੇ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਦੇ ਭਵਿੱਖ ਦਾ ਸਵਾਲ ਹੈ।

ਇਸ ਤੋਂ ਬਾਅਦ ਇਕ ਕਮੇਟੀ ਚੁਣੀ ਗਈ ਹੈ ਜਿਹਦਾ ਨਾਂ ਹੈ ***`ਸਟੈਂਡ ਅੱਪ ਫਾਰ ਦੀ ਨੌਰਥ`***। ਇਸ ਕਮੇਟੀ ਵਿਚ ਹਰ ਵਰਗ ਦੇ ਨਾਗਰਿਕਾਂ ਦੀ ਨੁਮਾਇੰਦਗੀ ਹੈ। ਇਸ ਕਮੇਟੀ ਨੇ ਹਰ ਛੋਟੀ ਕਮਿਊਨਿਟੀ ਵਿਚ ਛੋਟੀਆਂ ਮੀਟਿੰਗਾਂ ਅਤੇ ਨਵੰਬਰ, 2006 ਨੂੰ ਪ੍ਰਿੰਸ ਜਾਰਜ ਵਿਚ ਇਕ ਵੱਡੀ ਕਾਨਫਰੰਸ ਕਰਨ ਦਾ ਫੈਸਲਾ ਲਿਆ ਹੈ। ਜੂਨ, 2006 ਵਿਚ ਵਿਲੀਅਮਜ਼ ਲੇਕ ਵਿਖੇ ਇਸ ਬਾਰੇ ਇਕ ਮੀਟਿੰਗ ਹੋ ਰਹੀ ਹੈ। ਇਨ੍ਹਾਂ ਮੀਟਿੰਗਾਂ ਅਤੇ ਕਾਨਫਰੰਸ ਦਾ ਮਕਸਦ ਲੋਕਾਂ ਨੂੰ ਇਸ ਆਉਣ ਵਾਲੀ ਸਥਿਤੀ ਵਾਰੇ ਚੇਤਨ ਕਰਨਾ ਅਤੇ ਇਸ ਦੇ ਹੱਲ ਲੱਭਣ ਵਾਸਤੇ ਲਾਮਬੰਦ ਕਰਨਾ ਹੈ। ਪ੍ਰਿੰਸ ਜਾਰਜ ਦੇ ਸਾਰੇ ਮੀਡੀਏ ਨੇ ਇਸ ਜਥੇਬੰਦੀ ਦੇ ਮੰਤਵਾਂ ਦੀ ਹਮਾਇਤ ਕੀਤੀ ਹੈ। ਉਮੀਦ ਹੈ ਕਿ ਉਤਰੀ ਬੀ.ਸੀ. ਦੇ ਲੋਕ ਇਸ ਆਈ ਮੁਸੀਬਤ ਨੂੰ ਇਕੱਠੇ ਹੋਕੇ ਜ਼ਰੂਰ ਨਜਿੱਠ ਲੈਣਗੇ।

*ਸ. ਦੀਪਕ*
*ਪ੍ਰਿੰਸ ਜਾਰਜ,*
*ਕੈਨੇਡਾ*